# ਨੇੜਾ ਹੈ ਦੂਰਿ ਨ ਜਾਣਿਅਹੁ

**ਦੂਸਰੇ ਸ਼ਹਿਰਾਂ ਵਿੱਚ ਪੱਤ੍ਰਿਕਾ ਦੀ ਹੱਥੀਂ ਵੰਡ ਸੇਵਾ :** ਜਿਵੇਂ-ਜਿਵੇਂ ਪੱਤ੍ਰਿਕਾ ਦਾ ਪ੍ਰਭਾਵ ਸੰਗਤਾਂ ਤੇ ਵਧਿਆ, ਅਨੇਕ ਗੁਰਸਿੱਖ ਹੱਥੀਂ ਵੰਡ ਸੇਵਾ ਲਈ ਅੱਗੇ ਆਏ। ਪਾਠਕਾਂ ਦੀ ਜਾਣਕਾਰੀ ਲਈ, ਕੁਝ ਪ੍ਰਮੁੱਖ ਵੀਰਾਂ ਬਾਰੇ, ਜਾਣਕਾਰੀ ਹੇਠ ਲਿਖੇ ਮੁਤਾਬਿਕ ਹੈ :



**ਸ. ਭਗਵੰਤ ਸਿੰਘ ਜੀ (ਦਿੱਲੀ ਸਰਕਲ ਦੇ ਮੁੱਖ-ਸੇਵਾਦਾਰ) :** ਆਪ ਜੀ ਦਾ ਜਨਮ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ ਅਤੇ ਆਪ ਜੀ ਦੇ ਮਾਤਾ ਪਿਤਾ ਦੇਸ਼ ਦੀ ਵੰਡ ਸਮੇ ਮਾਰੇ ਗਏ ; ਭੈਣ ਭਰਾ ਵਿੱਛੜ ਗਏ ਜੋ ਬਾਅਦ ਵਿੱਚ ਅੰਬਾਲਾ ਸ਼ਰਨਾਰਥੀ ਕੈਂਪ ਵਿੱਚ ਮਿਲ ਗਏ। ਕੁਝ ਸਮਾਂ ਅੰਬਾਲੇ ਆਪਣੀ ਭੈਣ ਦੇ ਘਰ ਰਹੇ। ਅੱਠਵੀਂ ਪਾਸ ਕਰਕੇ, ੧੯੫੩ ਵਿੱਚ ਦਿੱਲੀ ਚਲੇ ਗਏ।

੧੯੬੧ ਈ. ਵਿੱਚ ਆਪ ਜੀ ਡੀਫੈਂਸ ਮਿਨਿਸਟ੍ਰੀ ਵਿੱਚ ਨੌਕਰੀ ਤੇ ਲੱਗ ਗਏ। ਦਫ਼ਤਰ ਤੋਂ ਰਕਾਬ ਗੰਜ ਅਤੇ ਬੰਗਲਾ ਸਾਹਿਬ ਇਤਿਹਾਸਿਕ ਗੁਰਦੁਆਰੇ ਨੇੜੇ ਹਨ ਸੋ ਦੁਪਹਿਰ ਖਾਣੇ ਦੀ ਛੁੱਟੀ ਵੇਲੇ ਆਪ ਜੀ ਨੇ ਗੁਰਦੁਆਰੇ ਜਾ ਕੇ ਕਥਾ/ ਕੀਰਤਨ/ ਪਾਠ ਸੁਣਨ ਦਾ ਨੇਮ, ਗੁਰੂ ਬਖਸ਼ਿਸ਼ ਸਦਕਾ, ਬਣਾ ਲਿਆ।

ਆਪ ਜੀ ਨੂੰ ਡਾਕ ਟਿਕਟਾਂ ਇਕੱਠੀਆਂ ਕਰਨ ਦਾ ਸ਼ੌਕ ਸੀ। ਆਪ ਜੀ ਦੇ ਯਤਨਾਂ ਸਦਕਾ, ਗੁਰੂ ਨਾਨਕ ਦੇਵ ਜੀ ਦੇ ੪੦੦ ਸਾਲਾਂ ਪ੍ਰਕਾਸ਼ ਸ਼ਤਾਬਦੀ, ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ੩੦੦ ਸਾਲਾ ਸ਼ਹੀਦੀ ਸ਼ਤਾਬਦੀ, ਖਾਲਸਾ ਸਾਜਨਾ ਦੀ ੩੦੦ ਸਾਲਾਂ ਸ਼ਤਾਬਦੀ ਮੌਕੇ ਡਾਕ ਟਿਕਟਾਂ ਜਾਰੀ ਹੋਇਆ। ਆਪ ਜੀ ਸੰਤ ਬਾਬਾ ਹਰਬੰਸ ਸਿੰਘ ਜੀ ਕਾਰ ਸੇਵਾ ਵਾਲਿਆਂ ਨਾਲ ਮਿਲ ਕੇ ਪਰਿਵਾਰ ਸਮੇਤ ਕਾਰ ਸੇਵਾ ਵਿੱਚ ਹਿੱਸਾ ਲੈਂਦੇ ਰਹੇ ਹਨ। ਆਪ ਜੀ ੧੯੯੩-੯੪ ਵਿੱਚ ਸੰਸਥਾ ਦੇ ਸੰਪਰਕ ਵਿੱਚ ਆਏ ਅਤੇ ਪੱਤ੍ਰਿਕਾ ਦੇ ਪਾਠਕ ਬਣ ਗਏ। ਸਮੇਂ ਸਮੇਂ ਆਪ ਜੀ ਸੁਝਾਅ ਭੇਜਦੇ ਰਹੇ ਅਤੇ ਆਪ ਜੀ ਦੇ ਲੇਖ ਵੀ ਪੱਤ੍ਰਿਕਾ ਵਿੱਚ ਛਪਦੇ ਰਹੇ। ਸੰਸਥਾ ਦੇ ਕਾਰਜਾਂ ਵਿੱਚ ਆਪ ਜੀ ਦਾ ਉਤਸ਼ਾਹ ਅਤੇ ਰੁਚੀ ਦੇਖ ਕੇ ਦਿੱਲੀ ਵਿੱਚ ਸੰਸਥਾ ਦਾ ਸਬ-ਆਫ਼ਿਸ

ਖੋਲ ਕੇ ਆਪ ਜੀ ਨੂੰ ਉੱਥੇ ਮੁੱਖ ਸੇਵਾਦਾਰ ਦੀ ਸੇਵਾ ਦਿੱਤੀ ਗਈ। ਜੋ ਅੱਜ ਤੱਕ ਆਪ ਜੀ ਵਡੇਰੀ ਉਮਰ ਹੋਣ ਦੇ ਬਾਵਜੂਦ ਨਿਭਾਅ ਰਹੇ ਹਨ। ਆਪ ਜੀ ਦਾ ਬੇਟਾ ਸ. ਅਰਵਿੰਦਰ ਸਿੰਘ ਵੀ ਇਸ ਸੇਵਾ ਵਿੱਚ ਨਿਸ਼ਕਾਮ ਭਾਵਨਾ ਨਾਲ ਯੋਗਦਾਨ ਪਾ ਰਿਹਾ ਹੈ। ਇਹਨਾਂ ਦੀ ਅਣਥੱਕ ਮਿਹਨਤ ਸਦਕਾ ਦਿੱਲੀ ਵਿੱਚ ੪੦੦੦ ਤੋਂ ਉੱਪਰ ਪੱਤ੍ਰਿਕਾ ਸੰਗਤਾਂ ਤੱਕ ਪਹੁੰਚ ਰਹੀ ਹੈ। ਇਸ ਤੋਂ ਇਲਾਵਾ ਆਪ ਜੀ ਹੱਥੀਂ ਵੰਡ ਸੇਵਾ ਦੁਆਰਾ ਵੀ ਸੰਗਤਾਂ ਤੱਕ ਪੱਤ੍ਰਿਕਾ ਪਹੁੰਚਾਉਂਦੇ ਹਨ । ਲੰਮੇ ਸਮੇ ਤੋਂ ਦਿੱਲੀ ਦੇ ਬੰਗਲਾ ਸਾਹਿਬ ਗੁਰਦੁਆਰੇ ਵਿੱਚ ਹਰ ਸਾਲ ਸੰਸਥਾ ਦੀਆਂ ਪੁਸਤਕਾਂ ਦਾ ਸਟਾਲ ਵੀ ਆਪ ਜੀ ਦੀਆਂ ਕੋਸ਼ਿਸ਼ਾਂ ਨਾਲ ਲਗਾਇਆ ਜਾਂਦਾ ਹੈ।



**ਸ. ਅਤਰ ਸਿੰਘ ( ਲੁਧਿਆਣਾ) :** ਸ. ਅਤਰ ਸਿੰਘ ਜੀ ਦਾ ਜਨਮ ਪਿੰਡ ਕੋਟ ਅੱਲ੍ਹਯਾਰ ਖਾਨ ਨੇੜੇ ਫਾਰੂਕਾ (ਜਨਮ ਅਸਥਾਨ ਭਾਈ ਹੀਰਾ ਸਿੰਘ ਰਾਗੀ) ਜਿਲ੍ਹਾ ਸਰਗੋਧਾ (ਪਾਕਿਸਤਾਨ) ਵਿੱਚ ਹੋਇਆ। ਆਪ ਜੀ ਨੇ ਗਿਆਨੀ, ਬੀ.ਏ.ਹਿੰਦੀ ਪ੍ਰਭਾਕਰ ਦੀ ਵਿੱਦਿਆ ਪ੍ਰਾਪਤ ਕੀਤੀ। ਆਪ ਜੀ ਭਾਰਤੀ ਰੇਲਵੇ ਵਿੱਚ ਗਾਰਡ ਦੇ ਅਹੁਦੇ ਤੇ ਨਿਯੁਕਤ ਹੋਏ। ਜਿੱਥੇ ਆਪ ਜੀ ਨੇ ੩੭ ਸਾਲ (੧੯੫੧ ਤੋਂ ੧੯੮੮ ਤੱਕ) ਨੌਕਰੀ ਕੀਤੀ ਅਤੇ ਇਸ ਦੌਰਾਨ ਆਪ ਜੀ ਸਰਵ ਭਾਰਤ ਗਾਰਡ ਕੌਂਸਲ ਦੇ ੧੧ ਸਾਲ ਜਨਰਲ ਸਕੱਤਰ ਅਤੇ ੧੭ ਸਾਲ ਪ੍ਰਧਾਨ ਦੀ ਸੇਵਾ ਵੀ ਨਿਭਾਉਂਦੇ ਰਹੇ। ਆਪ ਜੀ ਦੇ ਯਤਨਾਂ ਸਦਕਾ ਅੱਠ ਸੌ ਤੋਂ ਉੱਪਰ ਪੱਤ੍ਰਿਕਾ ਡਾਕ ਦੁਆਰਾ ਲੁਧਿਆਣੇ ਜਿਲੇ ਵਿੱਚ ਹਰ ਮਹੀਨੇ ਭੇਜੀ ਜਾਂਦੀ ਹੈ। ਆਪ ਜੀ ਹੱਥੀ ਵੰਡ ਸੇਵਾ ਦੁਆਰਾ ਵੀ ਪੱਤ੍ਰਿਕਾ ਸੰਗਤਾਂ ਤੱਕ ਪਹੁੰਚਾਉਂਦੇ ਹਨ।